ਵਿਸ਼ਾ: **ਪ੍ਰੀਖਿਆ ਕੇਂਦਰਾਂ ਵਿੱਚ ਨਕਲ (Copying/Cheating/Unfair Means) ਦੀ ਰੋਕਥਾਮ ਯਕੀਨੀ ਬਣਾਉਣ ਬਾਰੇ।**

ਸਮੂਹ ਸੰਸਥਾਵਾਂ (ਆਈ.ਟੀ.ਆਈ/ਆਈ.ਟੀ.ਸੀ/ਬਹੁਤਕਨੀਕੀ/ਫਾਰਮੇਸੀ) ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਮਾਨਯੋਗ ਮੰਤਰੀ ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਵਿਭਾਗ ਪੰਜਾਬ ਜੀ ਵੱਲੋਂ ਮੁੱਖ ਦਫਤਰ ਵਿਖੇ ਹਾਲ ਹੀ ਵਿੱਚ ਲਈਆਂ ਗਈਆਂ ਮੀਟਿੰਗਾਂ ਵਿੱਚ ਪ੍ਰੀਖਿਆਵਾਂ ਦੌਰਾਨ ਨਕਲ ਬਾਰੇ ਗੰਭੀਰ ਨੋਟਿਸ ਲੈਂਦੇ ਹੋਏ ਸਖਤ ਨਿਰਦੇਸ਼ ਜਾਰੀ ਕੀਤੇ ਹਨ ਕਿ ਤਕਨੀਕੀ ਸਿੱਖਿਆ ਦੇ ਮਿਆਰ ਨੂੰ ਉੱਚਾ ਚੁੱਕਣ ਵੱਜੋਂ ਪ੍ਰੀਖਿਆਵਾਂ ਵਿੱਚ ਕਿਸੇ ਵੀ ਹਾਲਤ ਨਕਲ ਨਹੀਂ ਹੋਣ ਦਿੱਤੀ ਜਾਵੇਗੀ। ਵਰਨਣਯੋਗ ਹੈ ਕਿ ਜੇਕਰ ਪ੍ਰੀਖਿਆ ਡਿਊਟੀ ਤੇ ਤੈਨਾਤ ਦਫਤਰੀ/ਸੁਪਰਵਾਈਜਰੀ ਅਮਲਾ ਆਪਣੀਆਂ ਸੇਵਾਵਾਂ ਸਹੀ ਤਰੀਕੇ ਨਾਲ ਨਿਭਾਵੇ ਤਾਂ ਪ੍ਰੀਖਿਆਵਾਂ ਵਿੱਚ ਨਕਲ ਅਸੰਭਵ ਹੋ ਸਕਦੀ ਹੈ। ਮੰਤਰੀ ਜੀ ਨੇ ਹਦਾਇਤ ਕੀਤੀ ਹੈ ਕਿ ਜੇਕਰ ਕਿਸੇ ਪ੍ਰੀਖਿਆ ਕੇਂਦਰ ਵਿੱਚ ਕੋਈ ਪ੍ਰੀਖਿਆਰਥੀ ਨਕਲ ਕਰਦਾ ਪਕੜਿਆ ਜਾਂਦਾ ਹੈ ਤਾਂ ਕੇਂਦਰ ਵਿੱਚ ਤੈਨਾਤ ਸੁਪਰਵਾਈਜਰੀ ਸਟਾਫ ਦੇ ਵਿਰੁੱਧ ਅਨੁਸ਼ਾਸਨਿਕ/ਵਿਭਾਗੀ ਕਰਵਾਈ ਆਰੰਭੀ ਜਾਵੇਗੀ।

ਮਾਨਯੋਗ ਮੰਤਰੀ ਜੀ ਦੇ ਇਸ ਨਕਲ ਰੋਕਥਾਮ ਦੇ ਉਦੇਸ਼ ਨੂੰ ਅਸਲ ਰੂਪ ਦੇਣ ਲਈ ਸੰਸਥਾਵਾਂ ਦੇ ਪ੍ਰਿੰਸੀਪਲ ਸਹਿਬਾਨ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਪ੍ਰੀਖਿਆਵਾਂ ਦੌਰਾਨ ਡਿਊਟੀ ਤੇ ਤੈਨਾਤ ਅਮਲੇ ਨੂੰ ਮਾਨਯੋਗ ਮੰਤਰੀ ਜੀ ਦੇ ਦਿਸ਼ਾ ਨਿਰਦੇਸ਼ਾ ਬਾਰੇ ਲਿਖਤੀ ਰੂਪ ਵਿੱਚ ਨੋਟ ਕਰਵਾ ਦੇਣ। ਜੇਕਰ ਕਿਸੇ ਵੀ ਪ੍ਰੀਖਿਆ ਕੇਂਦਰ ਵਿੱਚ ਕੋਈ ਪ੍ਰੀਖਿਆਰਥੀ ਸਿੱਧੇ ਜਾਂ ਅਸਿੱਧੇ ਤੌਰ ਤੇ ਨਕਲ ਕਰਦਾ ਪਕੜਿਆ ਜਾਂਦਾ ਹੈ ਤਾਂ ਨਿਯਮਾਂ ਅਨੁਸਾਰ ਪ੍ਰੀਖਿਆਰਥੀ ਵਿਰੁੱਧ ਕਾਰਵਾਈ ਕਰਨ ਤੋਂ ਇਲਾਵਾ ਸੁਪਰਵਾਈਜਰੀ ਸਟਾਫ ਵਿਰੁੱਧ ਵੀ ਕਾਰਵਾਈ ਕਰਨ ਤੋਂ ਸੰਕੋਚ ਨਹੀਂ ਕੀਤਾ ਜਾਵੇਗਾ। ਸੰਸਥਾ ਦੇ ਪ੍ਰਿੰਸੀਪਲ ਪ੍ਰੀਖਿਆਵਾਂ ਦੌਰਾਨ ' **ਲੋਕਲ ਕੰਟਰੋਲਰ ਆਫ ਪ੍ਰੀਖਿਆਵਾਂ** ' ਹੁੰਦੇ ਹਨ ਅਤੇ ਨਕਲ ਰੋਕਥਾਮ ਪ੍ਰਤੀ ਉਹਨਾਂ ਦੀ ਜ਼ਿੰਮੇਵਾਰੀ ਵੀ ਉਨ੍ਹੀਂ ਹੀ ਬਣਦੀ ਹੈ ਜਿੰਨੀ ਕਿ ਪ੍ਰੀਖਿਆ ਡਿਊਟੀ ਤੇ ਤੈਨਾਤ ਅਮਲੇ ਦੀ।

ਬੋਰਡ ਦਫਤਰ ਵੱਲੋਂ ਪ੍ਰੀਖਿਆਵਾਂ ਦੌਰਾਨ ਨਕਲ ਰੋਕਣ ਲਈ ਫਲਾਇੰਗ ਸਕੂਐਡ ਟੀਮਾਂ/ਓਬਜਰਵਰਾਂ ਦੀ ਨਿਯੁਕਤੀ ਕਰਨ ਤੋਂ ਇਲਾਵਾ ਬੋਰਡ ਦਫਤਰ ਦੇ ਅਧਿਕਾਰੀਆਂ ਵੱਲੋਂ ਵੀ ਸਰਪਰਾਈਤਜ ਚੈਕਿੰਗ ਕੀਤੀ ਜਾਵੇਗੀ।

**ਮਾਨਯੋਗ ਮੰਤਰੀ ਜੀ ਦੇ ਪ੍ਰੀਖਿਆਵਾਂ ਵਿੱਚ ਨਕਲ ਰੋਕਥਾਮ ਉਦੇਸ਼ ਦੀ ਪੂਰਤੀ ਲਈ ਜਾਰੀ ਹਦਾਇਤਾਂ ਦੀ ਇਨ ਬਿਨ ਪਾਲਣਾ ਯਕੀਨੀ ਬਣਾਈ ਜਾਵੇ।**

**ਸਕੱਤਰ**